# PC-4956/MK

**Q-26/2051**

PUNJABI COMPULSORY / ELEMENTRY
KNOWLEDGE–206–A
(Semester–II)

Time : Three Hours] [Maximum Marks : 35

## ਭਾਗ-ੳ

I. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਤ ਅਤੇ ਪ ਅੱਖਰਾਂ ਨਾਲ ਕੋਈ ਦੋ ਅੱਖਰੀ ਦੋ-ਦੋ ਸ਼ਬਦ ਬਣਾਓ।

(ਅ) ਕ ਅਤੇ ਗ ਅੱਖਰਾਂ ਨਾਲ ਕੋਈ ਤਿੰਨ ਅੱਖਰੀ ਦੋ-ਦੋ ਸ਼ਬਦ ਬਣਾਓ।

(ੲ) ਕੋਈ ਚਾਰ ਬਹੁ ਅੱਖਰੀ ਸ਼ਬਦ ਬਣਾਓ। 5

II. ਹੇਠਾਂ ਦਿੱਤੇ ਵਾਕਾਂ ਵਿੱਚੋਂ ਸ਼ਬਦ ਸ਼੍ਰੇਣੀਆਂ ਦੀ ਪੜਤਾਲ ਕਰੋ :

(ੳ) ਮੋਹਨ ਸੋਹਣ ਮਿਲ ਦੇ ਆਓ। (ਵਾਕ ਵਿੱਚੋਂ ਨਾਂਵ ਚੁਣੋ)

(ਅ) ਉਹ ਕਿਹੜਾ ਬੂਟਾ ਹੈ। (ਵਾਕ ਵਿੱਚੋਂ ਪੜਨਾਂਵ ਚੁਣੋ)

(ੲ) ਸੁਨਿਆਰ ਸੁੰਦਰ ਗਹਿਣੇ ਘੜਦਾ ਹੈ। (ਵਾਕ ਵਿੱਚੋਂ ਵਿਸ਼ੇਸ਼ਣ ਚੁਣੋ)

(ਸ) ਲਿੰਗ ਦੀ ਪਰਿਭਾਸ਼ਾ ਦਿਓ।

(ਹ) ਵਚਨ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਕਿਸਮਾਂ ਦੇ ਨਾਂ ਵੀ ਲਿਖੋ। 5

## ਭਾਗ–ਅ

III. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ **ਇੱਕ** ਦਾ ਉੱਤਰ ਦਿਓ :

(ੳ) ਅਗੇਤਰ ਕਿਸ ਨੂੰ ਕਹਿੰਦੇ ਹਨ? ਕੋਈ ਪੰਜ ਅਗੇਤਰ ਲਾ ਕੇ ਪੰਜ-ਪੰਜ ਸ਼ਬਦ ਬਣਾਓ।

(ਅ) ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੀਆਂ ਕਿਸਮਾਂ ਬਾਰੇ ਲਿਖੋ। 5

IV. ਹੇਠਾਂ ਦਿੱਦੇ ਹੋਏ ਪੈਰੇ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :

ਮਾਲ ਦਾ ਨਜ਼ਾਰਾ ਬੜਾ ਹੀ ਸੋਹਣਾ ਹੁੰਦਾ ਹੈ ਇਸ ਨੂੰ ਲਾਈਟਾਂ ਚਮਕਦਾਰ ਟਾਈਲਾਂ ਕੱਚ ਆਦਿ ਦੀ ਰਤੋਂ ਨਾਲ ਬਹੁਤ ਹੀ ਖੁਬਸੂਰਤੀ ਨਾਲ ਸਜਾਇਆ ਗਿਆ ਹੁੰਦਾ ਹੈ ਇਸ ਵਿੱਚ ਉੱਪਰ ਹੇਠਾਂ ਆਉਣ ਜਾਣ ਲਈ ਲਿਫਟ ਅਤੇ ਇਲੇਕਟ੍ਰਾਨਿਕ ਪੌੜੀਆਂ ਦੀ ਵੀ ਸੁਵਿਧਾ ਹੂੰਦੀ ਹੈ ਦਿਸ ਦੇ ਅੰਦਰ ਤਰ੍ਹਾਂ ਤਰ੍ਹਾਂ ਦੀਆਂ ਖਾਣ ਪੀਣ ਦੀਆਂ ਦੁਕਾਨਾਂ ਕੱਪੜਿਆਂ ਅਤੇ ਹੋਰ ਕਈ ਪ੍ਰਕਾਰ ਦੀਆਂ ਚੀਜ਼ਾਂ ਦੀਆਂ ਦੁਕਾਨਾਂ ਹੁੰਦੀਆ ਹਨ ਦਿਸ ਦੇ ਅੰਦਰ ਸਿਨੇਮਾ ਵੀ ਹੁੰਦੇ ਹਨ ਜਿੱਥੇ ਕਿ ਲੋਕ ਫਿਲਮਾਂ ਦੇਖ ਕੇ ਆਪਣਾ ਮਨਰਿੰਜਨ ਕਰਦੇ ਹਨ

## ਭਾਗ–ੲ

V. ਸਾਰੇ ਪ੍ਰਸ਼ਨ ਲਾਜ਼ਮੀ ਹਨ :

(1) ਨਾਂਵ ਕਿਸ ਨੂੰ ਕਿਹਾ ਜਾਂਦਾ ਹੈ?

(2) 'ਬੁੱਡਾ' ਸ਼ਬਦ ਨੂੰ ਸ਼ੁੱਧ ਕਰਕੇ ਲਿਖੋ।

(3) 'ਭਾਮੇ' ਦਾ ਸ਼ੁੱਧ ਸ਼ਬਦ ਦੱਸੋ।

(4) 'ਸਾਡਾ' ਪੜਨਾਂਵ ਲਗਾ ਕੇ ਕੋਈ ਇੱਕ ਵਾਕ ਬਣਾਓ।

(5) 'ਗੋਰੀ' ਵਿਸ਼ੇਸ਼ਣ ਲਾ ਕੇ ਇੱਕ ਵਾਕ ਬਣਾਓ।

(6) 'ਬਿਤ੍ਹਾਹ' ਸ਼ਬਦ ਨੂੰ ਸ਼ੁੱਧ ਕਰਕੇ ਲਿਖੋ।

(7) ਸ਼ਬਦਾ ਦੀਆਂ ਕਿਸਮਾਂ ਦੱਸੋ।

(8) ਕੋਈ ਇੱਕ ਸਮਾਸੀ ਸ਼ਬਦ ਲਿਖੋ।

(9) ਕੋਈ ਇੱਕ ਦੁਹਰੁਕਤੀ ਸ਼ਬਦ ਲਿਖੋ।

(10) ਦੁਬਿੰਦੀ ਕਿਸ ਨੂੰ ਕਹਿੰਦੇ ਹਨ।

(11) ਉਹ ਹੋਲੀ ਹੋਲੀ ਤੁਰਦਾ ਹੈ। ਵਾਕ ਕਿਸ ਸ਼੍ਰੇਣੀ ਨਾਲ ਸਬੰਧਤ ਹੈ?

(12) ਕਿਰਿਆ ਦੀਆਂ ਕਿਸਮਾਂ ਦੱਸੋ।

(13) 'ਅ' ਅਗੇਤਰ ਲਾ ਕੇ ਕੋਈ ਚਾਰ ਸ਼ਬਦ ਬਣਾਓ।

(14) 'ਪੜ੍ਹਾਈ' ਸ਼ਬਦਾਂ ਵਿੱਚੋਂ ਪਛੇਤਰ ਚੁਣੋ।

(15) ਅੱਜ ਬਹੁਤ ਗਰਮੀ ਹੈ। ਵਾਕ ਕਿਸ ਸ਼ਬਦ ਸ਼੍ਰੇਣੀ ਨਾਲ ਸਬੰਧਤ ਹੈ?

(16) ਜਵਾਈ ਸ਼ਬਦ ਦਾ ਲਿੰਗ ਬਦਲੋ।

(17) ਸੰਢਾ ਸ਼ਬਦ ਦਾ ਬਹੁਵਚਨ ਸ਼ਬਦ ਕੀ ਹੈ।

(18) ਚੰਗਾ, ਸੁੰਦਰ ਸ਼ਬਦ ਕਿਸ ਸ਼੍ਰੇਣੀ ਨਾਲ ਸਬੰਧਤ ਹਨ?

(19) ਕੋਈ ਇਕ ਪਿਛੇਤਰ ਲਾ ਕੇ ਦੋ ਸ਼ਬਦ ਬਣਾਓ।

(20) ਕਾਲ ਕਿੰਨੀ ਤਰ੍ਹਾਂ ਦਾ ਹੁੰਦਾ ਹੈ?

(21) ਪ੍ਰਸ਼ਨਵਾਚਕ ਚਿੰਨ੍ਹ ਕੀ ਹੁੰਦਾ ਹੈ?

(22) ਪੈਰ ਬਿੰਦੀ ਵਾਲਾ ਕੋਈ ਇੱਕ ਸ਼ਬਦ ਲਿਖੋ।

(23) ਸਿਹਾਰੀ ਵਾਲੇ ਕੋਈ ਦੋ ਸ਼ਬਦ ਲਿਖੋ।

(24) ਮਾਨਸਾ, ਬਠਿੰਡਾ ਇਹ ਕਿਹੜੇ ਨਾਮ ਹਨ।

(25) ਅੱਗੇ ਹ ਅੱਖਰ ਨਗਾ ਕੇ ਕੋਈ ਦੋ ਸ਼ਬਦ ਬਣਾਓ।

(26) ਸਾਡਾ ਕਾਲਾ ਕੁੱਤਾ ਜਾ ਰਿਹਾ ਹੈ। ਵਾਕੰਸ਼ ਚੁਣੋ।

(27) 'ਟਾਹਣੀ' ਦਾ ਬਹੁ ਵਚਨ ਦੱਸੋ।

(28) 'ਕੁਸ਼ਗਨ' ਸ਼ਬਦ ਵਿੱਚੋਂ ਅਗੇਤਰ ਚੁਣੋ।

(29) ਕਿਰਿਆ ਦੀ ਪਰਿਭਾਸ਼ਾ ਲਿਖੋ।

(30) ਅਸੀਂ ਪਰਸੋਂ ਅੰਮ੍ਰਿਤਸਰ ਗਏ। ਵਾਕ ਕਿਸ ਸ਼੍ਰੇਣੀ ਨਾਲ ਸਬੰਧਤ ਹੈ? (30×½=15)

---